*ਅੱਗੇ ਦਿੱਤੀ ਮਾਡਲ ਨਿਰਪੱਖ ਆਵਾਸ ਨੀਤੀ ਨਿਊ ਜਰਸੀ ਦੇ ਨਾਗਰਿਕ ਅਧਿਕਾਰਾਂ ਦੇ ਵਿਭਾਗ ਦੁਆਰਾ ਤਿਆਰ ਕੀਤੀ ਗਈ ਹੈ, ਤਾਂ ਜੋ ਨਿਊ ਜਰਸੀ ਦੇ ਭੇਦਭਾਵ ਦੇ ਖਿਲਾਫ਼ ਕਾਨੂੰਨ,* ਐਨ.ਜੇ.ਐਸ.ਏ. § 10:5-1 ਤੋਂ -49*, ਅਤੇ ਸੰਘੀ ਨਿਰਪੱਖ ਆਵਾਸ ਕਾਨੂੰਨਾਂ ਵਿੱਚ ਤੈਅ ਕੀਤੀ ਆਵਾਸ ਸੁਰੱਖਿਆ ਨੂੰ ਦਰਸਾਇਆ ਜਾਵੇ। ਇਹ ਮਾਡਲ ਨਿਰਪੱਖ ਆਵਾਸ ਨੀਤੀ ਘਰ ਪ੍ਰਦਾਨ ਕਰਨ ਵਾਲਿਆਂ ਦੁਆਰਾ ਉਹਨਾਂ ਦੀਆਂ ਆਪਣੀਆਂ ਨਿਰਪੱਖ ਆਵਾਸ ਨੀਤੀਆਂ ਤਿਆਰ ਕਰਨ ਵਿੱਚ ਇੱਕ ਸੰਸਾਧਨ ਵਜੋਂ ਵਰਤੀ ਜਾ ਸਕਦੀ ਹੈ।*

# ਮਾਡਲ ਨਿਰਪੱਖ ਆਵਾਸ ਨੀਤੀ

[*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*] ਦੀ ਇਹ ਨੀਤੀ ਹੈ ਕਿ ਨਿਊ ਜਰਸੀ ਦੇ ਭੇਦਭਾਵ ਦੇ ਖਿਲਾਫ਼ ਕਾਨੂੰਨ (ਐਲਏਡੀ), ਐਨ.ਜੇ.ਐਸ.ਏ. § 10:5-1 ਤੋਂ -49 ਦਾ ਪਾਲਣ ਕਰੇ, ਜਿੱਥੇ ਵੀ ਲਾਗੂ ਹੋਵੇ, ਇਹ ਯਕੀਨੀ ਬਣਾ ਕੇ ਕਿ ਸਾਰੇ ਆਵਾਸ-ਸਬੰਧੀ ਅਤੇ ਨਾਲ ਹੀ, ਅਜਿਹੇ ਆਵਾਸ ਨਾਲ ਜੁੜੇ ਸਾਰੇ ਨਿਯਮ, ਸ਼ਰਤਾਂ, ਅਤੇ ਵਿਸ਼ੇਸ਼ ਅਧਿਕਾਰ ਸਾਰੇ ਵਿਅਕਤੀਆਂ ਲਈ ਜਾਤ, ਮਤ, ਧਰਮ, ਰੰਗ, ਰਾਸ਼ਟਰੀ ਮੂਲ, ਰਾਸ਼ਟਰੀਅਤਾ, ਪੀੜ੍ਹੀ, ਗਰਭ-ਅਵਸਥਾ ਜਾਂ ਛਾਤੀ ਦੁਆਰਾ ਦੁੱਧ ਚੁੰਘਾਉਣ, ਲਿੰਗ, ਲਿੰਗ ਪਛਾਣ ਜਾਂ ਪ੍ਰਗਟਾਵੇ, ਜਿਨਸੀ ਰੂਪਾਂਤਰ, ਪਰਿਵਾਰਕ ਸਥਿਤੀ (ਜਿਸ ਨੂੰ 18 ਸਾਲ ਤੋਂ ਛੋਟੇ ਬੱਚੇ ਦੀ ਦੇਖਭਾਲ ਜਾਂ ਨਿਗਰਾਨੀ ਜਾਂ ਗਰਭਵਤੀ ਹੋਣ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ), ਅਪੰਗਤਾ, ਯੂਨਾਈਟਿਡ ਸਟੇਟਸ ਦੀ ਆਰਮਡ ਫੋਰਸਿਸ ਵਿੱਚ ਸੇਵਾ ਲਈ ਜਵਾਬਦੇਹੀ, ਸ਼ਾਦੀਸ਼ੁਦਾ ਸਥਿਤੀ, ਨਾਗਰਿਕ ਸੰਘ ਸਥਿਤੀ, ਜਾਂ ਘਰੇਲੂ ਭਾਈਵਾਲੀ ਸਥਿਤੀ ਤੋਂ ਬੇਪਰਵਾਹ, ਉਪਲਬਧ ਹੁੰਦੇ ਹਨ। ਐਲਏਡੀ ਕਿਰਾਏ ਜਾਂ ਮਾਰਗੇਜ ਦੇ ਭੁਗਤਾਨਾਂ ਲਈ (ਸੈਕਸ਼ਨ 8 ਦੇ ਆਵਾਸ ਚੋਣ ਵਾਊਚਰਾਂ, ਐਸਆਰਏਪੀ (ਰਾਜ ਰੈਂਟਲ ਸਹਿਯੋਗ ਪ੍ਰੋਗਰਾਮ), ਟੀਆਰਏ (ਅਸਥਾਈ ਰੈਂਟਲ ਪ੍ਰੋਗਰਾਮ), ਬੇਰੋਜ਼ਗਾਰੀ ਲਾਭ, ਬੱਚੇ ਲਈ ਸਹਿਯੋਗ, ਗੁਜ਼ਾਰਾ ਭੱਤਾ, ਅਤੇ ਪੂਰਕ ਸੁਰੱਖਿਆ ਆਦਮਨੀ ਸਮੇਤ) ਵਰਤੀ ਗਈ ਕਾਨੂੰਨੀ ਆਮਦਨੀ ਦੇ ਸਰੋਤ ਉੱਤੇ ਆਧਾਰਿਤ ਆਵਾਸ ਪੱਖਪਾਤ ਨੂੰ ਵੀ ਰੋਕਦਾ ਹੈ (ਇਕੱਠਿਆਂ, ਐਲਏਡੀ ਦੁਆਰਾ ਸੁਰੱਖਿਅਤ ਸ਼੍ਰੇਣੀਆਂ)।

ਇਸ ਨੀਤੀ ਦਾ ਮਤਲਬ ਹੈ ਕਿ, ਹੋਰ ਚੀਜ਼ਾਂ ਦੇ ਨਾਲ, [*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*] ਦੇ ਮਾਲਕ ਅਤੇ ਸੰਚਾਲਕ ਘਰ ਦੀ ਵਿਕਰੀ, ਕਿਰਾਏਦਾਰੀ, ਜਾਂ ਕਬਜ਼ੇ ਦੇ ਕਿਸੇ ਵੀ ਪਹਿਲੂ ਬਾਰੇ ਐਲਏਡੀ-ਸੁਰੱਖਿਅਤ ਸ਼੍ਰੇਣੀ ਵਿੱਚਲੇ ਵਿਅਕਤੀਆਂ ਦੀ ਵਾਸਤਵਿਕ ਜਾਂ ਗਿਆਤ ਸਦੱਸਤਾ ਉੱਤੇ ਆਧਾਰਿਤ ਜਾਂ ਉਹਨਾਂ ਦੇ ਅਜਿਹੇ ਕਿਸੇ ਵਿਅਕਤੀ ਦੇ ਨਾਲ ਸਬੰਧ ਦੇ ਆਧਾਰ ਉੱਤੇ ਜੋ ਐਲਏਡੀ ਸੁਰੱਖਿਅਤ ਸ਼੍ਰੇਣੀ ਦਾ ਸਦੱਸ ਹੈ, ਜਾਂ ਉਹਨਾਂ ਦੇ ਕਾਨੂੰਨੀ ਆਮਦਮੀ ਦੇ ਸਰੋਤ ਉੱਤੇ ਆਧਾਰਿਤ ਉਹਨਾਂ ਨਾਲ ਭੇਦਭਾਵ ਨਹੀਂ ਕਰਦੇ ਹਨ। ਵਿਸ਼ੇਸ਼ ਤੌਰ 'ਤੇ, ਉਹ ਹੇਠ ਲਿਖਿਆ ਨਹੀਂ ਕਰਦੇ ਅਤੇ ਨਹੀਂ ਕਰਨਗੇ:

A. ਐਲਏਡੀ-ਸੁਰੱਖਿਅਤ ਸ਼੍ਰੇਣੀ ਦੇ ਆਧਾਰ ਉੱਤੇ ਕਿਸੇ ਵਿਅਕਤੀ ਨੂੰ ਘਰ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਇਨਕਾਰ, ਘਰ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਸੌਦੇਬਾਜ਼ੀ ਕਰਨ ਤੋਂ ਇਨਕਾਰ, ਜਾਂ ਵੈਸੇ ਹੀ ਆਵਾਸ ਉਪਲਬਧ ਨਾ ਕਰਾਉਣਾ;

B. ਐਲਏਡੀ-ਸੁਰੱਖਿਅਤ ਸ਼੍ਰੇਣੀ ਦੇ ਆਧਾਰ ਉੱਤੇ ਵਿਕਰੀ, ਕਿਰਾਏਦਾਰੀ, ਜਾਂ ਕਬਜ਼ੇ ਦੇ ਨਿਯਮਾਂ, ਸ਼ਰਤਾਂ, ਜਾਂ ਵਿਸ਼ੇਸ਼ ਅਧਿਕਾਰਾਂ ਵਿੱਚ ਕਿਸੇ ਵਿਅਕਤੀ ਦੇ ਨਾਲ ਭੇਦਭਾਵ ਕਰਨਾ, ਜਿਸ ਵਿੱਚ ਕਿਰਾਏਦਾਰੀ ਦੀ ਲਾਗਤ ਸ਼ਾਮਲ ਹੈ;

C. ਐਲਏਡੀ-ਸੁਰੱਖਿਅਤ ਸ਼੍ਰੇਣੀ ਦੇ ਆਧਾਰ ਉੱਤੇ ਕਿਸੇ ਕਿਰਾਏਦਾਰ ਨੂੰ ਬਾਹਰ ਕੱਢਣਾ ਜਾਂ ਉਸਦੀ ਲੀਜ਼ ਨੂੰ ਨਵਿਆਉਣ ਤੋਂ ਇਨਕਾਰ ਕਰਨਾ;

DCR Model Fair Housing Policy

D. ਇੱਕ ਐਲਏਡੀ-ਸੁਰੱਖਿਅਤ ਸ਼੍ਰੇਣੀ ਦੇ ਆਧਾਰ ਉੱਤੇ ਕਿਸੇ ਤਰਜੀਹ, ਬੰਦਸ਼, ਜਾਂ ਭੇਦਭਾਵ ਨੂੰ ਦਿਖਾਉਂਦੇ ਕਿਸੇ ਛਪੇ ਹੋਏ ਵਿਗਿਆਪਨਾਂ ਅਤੇ ਔਨਲਾਈਨ ਪੋਸਟਿੰਗਸ ਸਮੇਤ, ਕੋਈ ਸਟੇਟਮੈਂਟ ਦੇਣਾ, ਪ੍ਰਿੰਟ ਕਰਨਾ, ਜਾਂ ਪ੍ਰਕਾਸ਼ਿਤ ਕਰਨਾ;

E. ਇੱਕ ਐਲਏਡੀ-ਸੁਰੱਖਿਅਤ ਸ਼੍ਰੇਣੀ ਦੇ ਆਧਾਰ ਉੱਤੇ ਕਿਸੇ ਵਿਅਕਤੀ ਨੂੰ ਪੇਸ਼ ਕਰਨਾ ਕਿ ਕੋਈ ਘਰ ਛਾਣਬੀਣ, ਕਿਰਾਏ, ਜਾਂ ਵਿਕਰੀ ਲਈ ਉਪਲਬਧ ਨਹੀਂ ਹੈ, ਜਦਕਿ ਘਰ ਅਸਲ ਵਿੱਚ ਉਪਲਬਧ ਹੁੰਦਾ ਹੈ;

F. ਇੱਕ ਐਲਏਡੀ-ਸੁਰੱਖਿਅਤ ਸ਼੍ਰੇਣੀ ਦੇ ਆਧਾਰ ਉੱਤੇ, ਲੋਕਾਂ ਨੂੰ ਉਹਨਾਂ ਦੇ ਇੱਛਤ ਘਰ ਤੋਂ ਦੂਰ ਲਿਜਾਉਣਾ, ਜਾਂ ਇੰਝ ਦਿਖਾਉਣਾ ਕਿ ਆਂਢ-ਗੁਆਂਢ ਇੰਝ ਬਦਲ ਰਿਹਾ ਹੈ ਜਿਸ ਨਾਲ ਸੰਪੱਤੀ ਦਾ ਮੁੱਲ ਘੱਟ ਸਕਦਾ ਹੈ, ਅਪਰਾਧ ਵਧ ਸਕਦਾ ਹੈ, ਜਾਂ ਸਕੂਲਾਂ ਸਮੇਤ ਜਨਤਕ ਸੇਵਾਵਾਂ ਦੀ ਗੁਣਵੱਤਾ ਘੱਟ ਸਕਦੀ ਹੈ;

G. ਇੱਕ ਭਵਿੱਖੀ ਕਿਰਾਏਦਾਰ ਨੂੰ ਘਰ ਦੇਣ ਤੋਂ ਇਨਕਾਰ ਕਰਨਾ ਜਾਂ ਇੱਕ ਭਵਿੱਖੀ ਕਿਰਾਏਦਾਰ ਨੂੰ ਘਰ ਕਿਰਾਏ 'ਤੇ ਲੈਣ ਤੋਂ ਰੋਕਣਾ ਕਿਉਂਕਿ ਉਹਨਾਂ ਦੀ ਸੈਕਸ਼ਨ 8 ਆਵਾਸ ਚੋਣ ਵਾਊਚਰਾਂ, ਐਸਆਰਏਪੀ (ਸਟੇਟ ਰੈਂਟਲ ਸਹਿਯੋਗ ਪ੍ਰੋਗਰਾਮ), ਟੀਆਰਏ (ਅਸਥਾਈ ਰੈਂਟਲ ਸਹਿਯੋਗ), ਜਾਂ ਸੰਘੀ, ਰਾਜ, ਜਾਂ ਸਥਾਨਕ ਰੈਂਟਲ-ਸਹਿਯੋਗੀ ਪ੍ਰੋਗਰਾਮਾਂ ਦੁਆਰਾ ਪ੍ਰਦਾਨ ਕੀਤੀ ਕਿਸੇ ਮਾਲੀ ਸਹਾਇਤਾ ਜਾਂ ਵਾਊਚਰਾਂ ਦੁਆਰਾ; ਜਾਂ ਬੇਰੋਜ਼ਗਾਰੀ ਲਾਭਾਂ, ਬੱਚੇ ਲਈ ਸਹਾਇਤਾ, ਗੁਜ਼ਾਰਾ ਭੱਤੇ, ਅਤੇ ਪੂਰਕ ਸੁਰੱਖਿਆ ਆਮਦਨੀ ਸਮੇਤ ਆਮਦਨੀ ਦੇ ਹੋਰ ਸਰੋਤਾਂ ਦੁਆਰਾ ਭੁਗਤਾਨ ਕਰਨ ਦੀ ਯੋਜਨਾ ਹੈ; ਜਾਂ ਕਿਸੇ ਛਪੇ ਹੋਏ ਵਿਗਿਆਪਨ, ਮੌਖਿਕ ਜਾਂ ਲਿਖਤ ਬਿਆਨ, ਜਾਂ ਔਨਲਾਈਨ ਪੋਸਟਿੰਗ ਵਿੱਚ ਅਜਿਹੀ ਕਿਸੇ ਬੰਦਸ਼ ਜਾਂ ਇਨਕਾਰ ਨੂੰ ਜ਼ਾਹਰ ਕਰਨਾ (ਉਦਾਹਰਨ ਲਈ, “ਸੈਕਸ਼ਨ 8 ਲਾਗੂ ਨਹੀਂ ਹੁੰਦਾ”, “ਟੀਆਰਏ ਸਵੀਕਾਰ ਨਹੀਂ ਕੀਤਾ ਜਾਂਦਾ” ਜਾਂ “ਇਹ ਸੰਪੱਤੀ ਸੈਕਸ਼ਨ 8 ਲਈ ਮਨਜ਼ੂਰ ਨਹੀਂ ਹੋਈ ਹੈ”, ਇਹੋ ਜਿਹੇ ਸਾਰੇ ਕਥਨ ਵਰਜਿਤ ਹਨ);

H. ਕਿਸੇ ਵਿਅਕਤੀ ਦੁਆਰਾ ਘਰ, ਜਾਂ ਇਸ ਦੇ ਕਿਸੇ ਨਿਯਮਾਂ, ਸ਼ਰਤਾਂ ਜਾਂ ਵਿਸ਼ੇਸ਼ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ, ਅਣਚਾਹੇ ਸੰਭੋਗ ਦੀਆਂ ਪੇਸ਼ਕਸ਼ਾਂ ਜਾਂ ਲਿੰਗਕ ਹਿਤਾਂ ਨੂੰ ਸਵੀਕਾਰ ਕਰਨ ਦੀ ਸ਼ਰਤ ਰੱਖਣਾ;

I. ਅਣਚਾਹਿਆ, ਪਰੇਸ਼ਾਨ ਕਰਨ ਵਾਲਾ ਜਿਨਸੀ ਕਿਸਮ ਦਾ ਵਿਵਹਾਰ ਕਰਨਾ ਜਿਸ ਕਰਕੇ ਧਮਕਾਉਣ ਵਾਲਾ, ਵੈਰੀ, ਜਾਂ ਅਪਮਾਨਜਨਕ ਆਵਾਸ ਮਾਹੌਲ ਪੈਦਾ ਹੁੰਦਾ ਹੈ, ਜਾਂ ਦੂਜਿਆਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਦੇਣੀ;

J. ਕਿਸੇ ਐਲਏਡੀ-ਸੁਰੱਖਿਅਤ ਸ਼੍ਰੇਣੀ ਦੇ ਆਧਾਰ ਉੱਤੇ ਅਣਚਾਹਿਆ, ਪਰੇਸ਼ਾਨ ਕਰਨ ਵਾਲਾ ਵਿਵਹਾਰ ਕਰਨਾ ਜਿਸ ਕਰਕੇ ਧਮਕਾਉਣ ਵਾਲਾ, ਵੈਰੀ, ਜਾਂ ਅਪਮਾਨਜਨਕ ਆਵਾਸ ਮਾਹੌਲ ਪੈਦਾ ਹੁੰਦਾ ਹੈ, ਜਾਂ ਦੂਜਿਆਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਦੇਣੀ;

K. ਕਿਸੇ ਵਿਅਕਤੀ ਦੀ ਕਿਸੇ ਐਲਏਡੀ-ਸੁਰੱਖਿਅਤ ਸ਼੍ਰੇਣੀ ਵਿੱਚ ਗਿਆਤ ਸਦੱਸਤਾ ਦੇ ਆਧਾਰ ਉੱਤੇ ਜਾਂ ਉਹਨਾਂ ਦੇ ਅਜਿਹੇ ਕਿਸੇ ਵਿਅਕਤੀ ਨਾਲ ਸਬੰਧ ਕਾਰਨ ਜੋ ਕਿਸੇ ਐਲਏਡੀ-ਸੁਰੱਖਿਅਤ ਸ਼੍ਰੇਣੀ ਦਾ ਵਾਸਤਵਿਕ ਜਾਂ ਗਿਆਤ ਸਦੱਸ ਹੈ, ਉਪ-ਸੈਕਸ਼ਨ (A) ਤੋਂ (J) ਵਿੱਚ ਸੂਚੀਬੱਧ ਕੋਈ ਵੀ ਕਾਰਵਾਈਆਂ ਕਰਨੀਆਂ;

L. ਬੱਚਿਆਂ ਵਾਲੇ ਪਰਿਵਾਰਾਂ ਨੂੰ ਘਰ ਦੇਣ ਤੋਂ ਰੋਕਣ ਲਈ ਅਣਉਚਿਤ ਕਿਰਾਏਦਾਰੀ ਪਾਬੰਦੀਆਂ ਲਗਾਉਣੀਆਂ;

DCR Model Fair Housing Policy

M. ਕਿਸੇ ਵਿਅਕਤੀ ਦੇ ਵਾਸਤਵਿਕ ਜਾਂ ਗਿਆਤ ਰਾਸ਼ਟਰੀ ਮੂਲ, ਜਾਤ, ਜਾਂ ਨਸਲੀ ਗੁਣਾਂ ਦੇ ਕਾਰਨ ਕਿਸੇ ਭਵਿੱਖੀ ਕਿਰਾਏਦਾਰ ਦੀ ਜਾਂ ਖਰੀਦਾਰ ਦੀ ਇਮੀਗ੍ਰੇਸ਼ਨ ਜਾਂ ਨਾਗਰਿਕਤਾ ਸਥਿਤੀ ਬਾਰੇ ਚੋਣਵੀਂ ਪੁਛਗਿਛ ਕਰਨੀ, ਜਾਂ ਇਸ ਬਾਰੇ ਜਾਣਕਾਰੀ ਅਤੇ/ਜਾਂ ਲਿਖਤੀ ਦਸਤਾਵੇਜ਼ਾਂ ਦੀ ਬੇਨਤੀ ਕਰਨੀ;

N. ਕਿਸੇ ਵਿਅਕਤੀ ਦੀ ਕਿਰਾਏਦਾਰੀ ਅਰਜ਼ੀ ਲਈ ਨਿਊਨਤਮ ਆਮਦਨੀ ਜ਼ਰੂਰਤਾਂ ਵਾਸਤੇ ਅਰਜ਼ੀ ਦੇਣ ਸਮੇਂ (ਕਿਸੇ ਵੀ ਨਿਊਨਤਮ ਆਮਦਨੀ ਜ਼ਰੂਰਤ, ਵਿੱਤੀ ਮਿਆਰ, ਜਾਂ ਆਮਦਨੀ ਮਿਆਰ ਨੂੰ ਸਿਰਫ਼ ਕਿਰਾਏਦਾਰ ਦੁਆਰਾ ਭੁਗਤਾਨ ਕੀਤੇ ਜਾਣ ਵਾਲੇ ਕਿਰਾਏ ਦੇ ਹਿੱਸੇ ਦੇ ਆਧਾਰ ਉੱਤੇ ਗਿਣਨਾ ਲਾਜ਼ਮੀ ਹੁੰਦਾ ਹੈ, ਨਾ ਕਿ ਸਮੁੱਚੇ ਮਾਸਿਕ ਕਿਰਾਏ ਦੇ ਆਧਾਰ ਉੱਤੇ) ਵਿਅਕਤੀ ਦੁਆਰਾ ਕਿਰਾਏਦਾਰੀ ਸਹਿਯੋਗ ਦੀ ਪ੍ਰਾਪਤੀ ਅਤੇ ਵਰਤੋਂ ਲਈ ਹਿਸਾਬ ਦੇਣ ਤੋਂ ਅਸਫਲ ਰਹਿਣਾ (ਜਿਵੇਂ ਕਿ ਸੈਕਸ਼ਨ 8 ਦੇ ਆਵਾਸ ਚੋਣ ਵਾਊਚਰ, ਐਸਆਰਏਪੀ, ਟੀਆਰਏ, ਬੇਰੋਜ਼ਗਾਰੀ ਲਾਭ, ਬੱਚੇ ਲਈ ਸਹਿਯੋਗ, ਗੁਜ਼ਾਰਾ ਭੱਤਾ, ਜਾਂ ਪੂਰਕ ਸੁਰੱਖਿਆ ਆਮਦਨੀ)।

O. ਕਿਸੇ ਪੂਰਵ ਗ੍ਰਿਫ਼ਤਾਰੀ ਜਾਂ ਅਪਰਾਧ ਵਾਲੇ ਸਾਰੇ ਵਿਅਕਤੀਆਂ ਉੱਤੇ ਬਲੈਂਕੇਟ ਐਕਸਕਲੂਜ਼ਸ਼ੰਸ ਲਗਾ ਕੇ ਯੂ.ਐਸ. ਦੇ ਆਵਾਸ ਅਤੇ ਸ਼ਹਿਰੀ ਵਿਕਾਸ ਦੇ ਅਪ੍ਰੈਲ 2016 ਦੇ ਨਿਰਦੇਸ਼ਨ ਨੂੰ ਭੰਗ ਕਰਨਾ; ਜਾਂ ਜਾਤ ਜਾਂ ਰਾਸ਼ਟਰੀ ਮੂਲ ਦੇ ਆਧਾਰ ਉੱਤੇ ਜਾਣਬੁੱਝ ਕੇ ਭੇਦਭਾਵ ਕਰਨ ਦੇ ਕਪਟ ਵਜੋਂ ਅਪਰਾਧਕ ਇਤਿਹਾਸ ਨੂੰ ਵਰਤਣਾ (ਉਦਾਹਰਨ ਲਈ, ਘਰ ਲਈ ਅਰਜ਼ੀ ਦੇ ਰਹੇ ਕਾਲੇ ਰੰਗ ਦੇ ਲੋਕਾਂ ਦੇ ਖਿਲਾਫ਼ ਅਪਰਾਧਕ-ਰਿਕਾਰਡ ਦੇ ਆਧਾਰ ਉੱਤੇ ਪਾਬੰਦੀਆਂ ਲਗਾ ਕੇ, ਪਰ ਗੋਰੇ ਆਵੇਦਕਾਂ ਲਈ ਨਹੀਂ)।

[*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*] ਦਾ ਕੋਈ ਵੀ ਏਜੰਟ, ਕਰਮਚਾਰੀ, ਜਾਂ ਪਦਨਾਮਿਤ ਵਿਅਕਤੀ ਜੋ ਇਸ ਨੀਤੀ ਦਾ ਪਾਲਣ ਕਰਨ ਲਈ ਅਸਫਲ ਰਹਿੰਦਾ ਹੈ, ਉਸਦੇ ਖਿਲਾਫ਼ ਢੁਕਵੀਂ ਨੇਮ ਪਾਲਣ ਸਬੰਧੀ ਕਾਰਵਾਈ ਕੀਤੀ ਜਾਵੇਗੀ। ਕਿਰਪਾ ਕਰਕੇ ਇਸ ਨੀਤੀ ਦੇ ਕਿਸੇ ਵੀ ਉਲੰਘਣ ਦੀ ਸੂਚਨਾ [*ਅਜਿਹੇ ਕਰਮਚਾਰੀਆਂ ਲਈ ਨਾਮ ਅਤੇ ਸੰਪਰਕ ਜਾਣਕਾਰੀ ਜਿਹਨਾਂ ਨੂੰ ਕਿਸੇ ਉਲੰਘਣ ਬਾਰੇ ਸ਼ਿਕਾਇਤਾਂ ਭੇਜੀਆਂ ਜਾਣੀਆਂ ਚਾਹੀਦੀਆਂ ਹਨ*] ਨੂੰ ਦਿਓ।

ਇਸ ਨੀਤੀ ਦੇ ਤਹਿਤ ਕੋਈ ਸ਼ਿਕਾਇਤ ਕਰਨ ਲਈ ਜਾਂ ਇਸ ਨੀਤੀ ਦੇ ਤਹਿਤ ਜਾਂ ਐਲਏਡੀ ਦੇ ਤਹਿਤ ਆਪਣੇ ਅਧਿਕਾਰਾਂ ਨੂੰ ਵਰਤਣ ਦੀ ਕੋਸ਼ਿਸ਼ ਕਰਨ ਲਈ ਤੁਹਾਡੇ ਤੋਂ ਬਦਲਾ ਨਹੀਂ ਲਿਆ ਜਾ ਸਕਦਾ ਅਤੇ ਨਹੀਂ ਲਿੱਤਾ ਜਾਵੇਗਾ।

[*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*] ਦੇ ਏਜੰਟ, ਕਰਮਚਾਰੀ, ਜਾਂ ਪਦਨਾਮਿਤ ਵਿਅਕਤੀ ਦੁਆਰਾ ਕੀਤੀ ਕੋਈ ਵੀ ਕਾਰਵਾਈ ਜਿਸਦੇ ਨਤੀਜੇ ਵਜੋਂ ਕਿਰਾਏਦਾਰਾਂ ਜਾਂ ਆਵੇਦਕਾਂ ਦੇ ਨਾਲ ਕਿਸੇ ਐਲਏਡੀ-ਸੁਰੱਖਿਅਤ ਸ਼੍ਰੇਣੀ ਵਿੱਚ ਸਦੱਸਤਾ ਜਾਂ ਗਿਆਤ ਸਦੱਸਤਾ ਦੇ ਆਧਾਰ ਉੱਤੇ ਵਿਤਕਰੇ ਵਾਲਾ ਵਿਵਹਾਰ ਕੀਤਾ ਜਾਂਦਾ ਹੈ, ਐਲਏਡੀ ਦੇ ਉਲੰਘਣ ਨੂੰ ਸ਼ਾਮਲ ਕਰ ਸਕਦੀ ਹੈ। ਕੋਈ ਵੀ ਕਿਰਾਏਦਾਰ ਜਾਂ ਆਵੇਦਕ ਜਿਸਦਾ ਮੰਨ੍ਹਣਾ ਹੈ ਕਿ [*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*] ਦੇ ਕਿਸੇ ਮਾਲਕ, ਏਜੰਟ, ਕਰਮਚਾਰੀ, ਜਾਂ ਨਾਮਿਤ ਵਿਅਕਤੀ ਨੇ ਉਪਰੋਕਤ ਕਿਸੇ ਦਾ ਉਲੰਘਣ ਕੀਤਾ ਹੈ, ਤਾਂ ਉਹ www.NJCivilRights.gov ਜਾਂ 1-866-405-3050 'ਤੇ ਨਿਊ ਜਰਸੀ ਦੇ ਨਾਗਰਿਕ ਅਧਿਕਾਰਾਂ ਦੇ ਵਿਭਾਗ ਨਾਲ ਸੰਪਰਕ ਕਰ ਸਕਦਾ ਹੈ। ਭੇਦਭਾਵ ਵਾਲੇ ਕਥਿਤ ਵਿਵਹਾਰ ਦੇ 180 ਦਿਨਾਂ ਦੇ ਅੰਦਰ ਨਿਊ ਜਰਸੀ ਦੇ ਨਾਗਰਿਕ ਅਧਿਕਾਰਾਂ ਦੇ ਵਿਭਾਗ ਦੇ ਨਾਲ ਇੱਕ ਸ਼ਿਕਾਇਤ ਲਾਜ਼ਮੀ ਤੌਰ 'ਤੇ ਦਾਇਰ ਕੀਤੀ ਜਾਣੀ ਚਾਹੀਦੀ ਹੈ। ਨਾਗਰਿਕ ਅਧਿਕਾਰਾਂ ਦੇ ਵਿਭਾਗ ਕੋਲ ਵੱਡੀ ਗਿਣਤੀ ਵਿੱਚ ਨਿਰਪੱਖ ਆਵਾਸ ਫੈਕਟ ਸ਼ੀਟਾਂ ਹਨ ਜੋ https://www.nj.gov/oag/dcr/housing.html 'ਤੇ ਉਪਲਬਧ ਹਨ।

DCR Model Fair Housing Policy

**<u>ਅੰਤਿਕਾ A: ਕਿਸੇ ਅਪੰਗ ਵਿਅਕਤੀ ਲਈ ਮੁਨਾਸਬ ਲਿਹਾਜ਼ ਅਤੇ ਸੰਸ਼ੋਧਨ</u>**

[*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*] ਆਪਣੇ ਨਿਯਮਾਂ, ਨੀਤੀਆਂ, ਅਭਿਆਸਾਂ, ਕਾਰਜਵਿਧੀਆਂ, ਜਾਂ ਸੇਵਾਵਾਂ ਵਿੱਚ ਮੁਨਾਸਬ ਲਿਹਾਜ਼ ਪ੍ਰਦਾਨ ਕਰੇਗਾ ਜਦੋਂ ਅਜਿਹੇ ਲਿਹਾਜ਼ ਕਿਸੇ ਅਪੰਗ ਵਿਅਕਤੀ ਨੂੰ ਕਿਸੇ ਘਰ ਦੀ ਵਰਤੋਂ ਕਰਨ ਅਤੇ ਇਸਦਾ ਮਜ਼ਾ ਲੈਣ ਦਾ ਬਰਾਬਰ ਮੌਕਾ ਦੇਣ ਲਈ ਜ਼ਰੂਰੀ ਹੁੰਦੇ ਹਨ ਅਤੇ ਜਦੋਂ ਲਿਹਾਜ਼ ਕਾਰਨ [*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*]ਦੇ ਸੰਚਾਲਨਾਂ ਵਿੱਚ ਕੋਈ ਨਾਵਾਜਬ ਔਖਿਆਈ ਪੈਦਾ ਨਹੀਂ ਹੋਵੇਗੀ। ਇੱਕ ਮੁਨਾਸਬ ਲਿਹਾਜ਼ ਵਿੱਚ ਕੀ ਸ਼ਾਮਲ ਹੋ ਸਕਦਾ ਹੈ, ਇਸ ਦੀਆਂ ਕੁਝ ਉਦਾਹਰਨਾਂ ਵਿੱਚ ਸ਼ਾਮਲ ਹਨ, ਕਿਸੇ ਤੀਜੀ-ਧਿਰ ਨੂੰ ਇੱਕ ਅਪੰਗ ਕਿਰਾਏਦਾਰ ਦੇ ਵੱਲੋਂ ਲੀਜ਼ 'ਤੇ ਸਹਿ-ਹਸਤਾਖਰ ਕਰਨ ਜਾਂ ਕਿਰਾਏ ਦਾ ਭੁਗਤਾਨ ਕਰਨ ਦੀ ਇਜਾਜ਼ਤ ਦੇਣਾ ਜਾਂ ਭਾਵਨਾਤਮਕ ਸਮਰਥਨ ਦੇਣ ਵਾਲੇ ਜਾਨਵਰ ਵਾਲੇ ਨਿਵਾਸੀ ਦਾ ਲਿਹਾਜ਼ ਕਰਨ ਲਈ ਬਿਲਡਿੰਗ ਦੀ ਪਾਲਤੂ ਜਾਨਵਰਾਂ ਦੀ ਇਜਾਜ਼ਤ ਨਹੀਂ ਹੈ ਦੀ ਨੀਤੀ ਵਿੱਚ ਮਾਮਲੇ ਅਨੁਸਾਰ ਅਪਵਾਦ ਪ੍ਰਦਾਨ ਕਰਨਾ। ਕਿਰਪਾ ਕਰਕੇ ਧਿਆਨ ਦਿਓ ਕਿ ਸੇਵਾ ਜਾਂ ਗਾਈਡ ਕਰਨ ਵਾਲੇ ਜਾਨਵਰ, ਭਾਵਨਾਤਮਕ ਸਮਰਥਨ ਦੇਣ ਵਾਲੇ ਜਾਨਵਰਾਂ ਦੇ ਉਲਟ, ਪਾਲਤੂ ਜਾਨਵਰਾਂ ਦੀ ਇਜਾਜ਼ਤ ਨਹੀਂ ਨੀਤੀ ਤੋਂ ਆਪਣੇ-ਆਪ ਬਾਹਰ ਹੋ ਜਾਂਦੇ ਹਨ। ਸੇਵਾ ਜਾਂ ਗਾਈਡ ਕਰਨ ਵਾਲੇ ਜਾਨਵਰਾਂ ਨੂੰ ਮਾਲਕ ਦੀ ਅਪੰਗਤਾ ਨਾਲ ਜੁੜੇ ਵਿਸ਼ੇਸ਼ ਕੰਮ ਕਰਨ ਲਈ ਵਿਅਕਤੀਗਤ ਢੰਗ ਨਾਲ ਸਿਖਲਾਈ ਦਿੱਤੀ ਜਾਂਦੀ ਹੈ, ਜਿਵੇਂ ਕਿ ਕਿਸੇ ਅੰਨ੍ਹੇ ਵਿਅਕਤੀ ਨੂੰ ਰਸਤਾ ਦਿਖਾਉਣਾ ਜਾਂ ਮਿਗਰੀ ਵਾਲੇ ਵਿਅਕਤੀ ਦਾ ਮਦਦ ਕਰਨਾ ਜਦੋਂ ਉਸਨੂੰ ਦੌਰਾ ਪੈ ਰਿਹਾ ਹੈ।

[*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*] ਭੌਤਿਕ ਪਰਿਸਰਾਂ ਵਿੱਚ ਵੀ ਮੁਨਾਸਬ ਸੰਸ਼ੋਧਨ ਕਰਨ ਦੀ ਇਜਾਜ਼ਤ ਦੇਣਗੇ ਜਦੋਂ ਅਜਿਹੇ ਕਿਸੇ ਅਪੰਗ ਵਿਅਕਤੀ ਨੂੰ ਕਿਸੇ ਘਰ ਦੀ ਵਰਤੋਂ ਕਰਨ ਅਤੇ ਇਸਦਾ ਮਜ਼ਾ ਲੈਣ ਦਾ ਬਰਾਬਰ ਮੌਕਾ ਦੇਣ ਲਈ ਜ਼ਰੂਰੀ ਹੁੰਦਾ ਹੈ ਅਤੇ ਜਦੋਂ ਸੰਸ਼ੋਧਨ ਕਾਰਨ [*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*]ਦੇ ਸੰਚਾਲਨਾਂ ਵਿੱਚ ਕੋਈ ਨਾਵਾਜਬ ਔਖਿਆਈ ਪੈਦਾ ਨਹੀਂ ਹੋਵੇਗੀ। ਇੱਕ ਮੁਨਾਸਬ ਸੰਸ਼ੋਧਨ ਕਿਸੇ ਅਪੰਗ ਰਿਹਾਇਸ਼ੀ ਦਾ ਲਿਹਾਜ਼ ਕਰਨ ਲਈ ਕਿਸੇ ਏਕਲ ਆਵਾਸ ਇਕਾਈ ਜਾਂ ਆਮ ਖੇਤਰ ਦੇ ਅੰਦਰੂਨੀ ਜਾਂ ਬਾਹਰੀ ਹਿੱਸੇ ਵਿੱਚ ਕੀਤਾ ਗਿਆ ਢਾਂਚਾਗਤ ਬਦਲਾਵ ਹੈ।

ਮੁਨਾਸਬ ਲਿਹਾਜ਼ ਜਾਂ ਮੁਨਾਸਬ ਸੰਸ਼ੋਧਨ ਦੀ ਬੇਨਤੀ ਕਰਨ ਲਈ, [*ਆਵਾਸ ਕਾਮਪਲੈਕਸ ਜਾਂ ਬਰਾਦਰੀ ਦੇ ਕਰਮਚਾਰੀ ਲਈ ਨਾਮ, ਫ਼ੋਨ ਨੰਬਰ, ਅਤੇ ਈਮੇਲ ਪਤਾ, ਜਿਹਨਾਂ ਨੂੰ ਮੁਨਾਸਬ ਲਿਹਾਜ਼/ਸੰਸ਼ੋਧਨ ਲਈ ਬੇਨਤੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ*] ਨਾਲ ਸੰਪਰਕ ਕਰੋ। ਤੁਹਾਡੀ ਬੇਨਤੀ 'ਤੇ ਪ੍ਰਕਿਰਿਆ ਕਰਨ ਲਈ, [*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*] ਨੂੰ ਇਲਾਜ ਕਰ ਰਹੇ ਡਾਕਟਰ ਜਾਂ ਮਾਨਸਿਕ ਸਿਹਤ ਪੇਸ਼ੇਵਰ ਵਲੋਂ ਸਮਰਥਕ ਲਿਖਤੀ ਦਸਤਾਵੇਜ਼ਾਂ ਦੀ ਲੋੜ ਹੋ ਸਕਦੀ ਹੈ, ਇਹ ਪੁਸ਼ਟੀ ਕਰਨ ਲਈ ਕਿ ਤੁਹਾਨੂੰ ਐਲਏਡੀ ਦੁਆਰਾ ਦੱਸੇ ਅਨੁਸਾਰ ਅਪੰਗਤਾ ਹੈ ਅਤੇ ਕਿ ਬੇਨਤੀ ਕੀਤਾ ਲਿਹਾਜ਼ ਜਾਂ ਸੰਸ਼ੋਧਨ ਤੁਹਾਨੂੰ ਘਰ ਦੀ ਵਰਤੋਂ ਕਰਨ ਅਤੇ ਆਨੰਦ ਲੈਣ ਦਾ ਬਰਾਬਰ ਮੌਕਾ ਦਣ ਲਈ ਜ਼ਰੂਰੀ ਹੈ। ਸਾਰੀਆਂ ਬੇਨਤੀਆਂ ਅਤੇ ਕਿਸੇ ਬੇਨਤੀ ਨਾਲ ਜੁੜੀ ਜਾਣਕਾਰੀ, ਮੈਡੀਕਲ ਜਾਣਕਾਰੀ ਸਮੇਤ, ਗੁਪਤ ਰੱਖੀ ਜਾਵੇਗੀ ਜਦੋਂ ਤਕ ਕਾਨੂੰਨ ਦੁਆਰਾ ਖੁਲਾਸਾ ਕਰਨ ਦੀ ਲੋੜ ਨਹੀਂ ਹੁੰਦੀ।

[*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*] ਤੁਹਾਡੀ ਬੇਨਤੀ ਉੱਤੇ ਤੁਰੰਤ ਫੈਸਲਾ ਲੈਣਗੇ ਅਤੇ ਉਸ ਫੈਸਲੇ ਨੂੰ ਲਿਖਤ ਵਿੱਚ ਪ੍ਰਦਾਨ ਕਰਨਗੇ। ਜੇ [*ਆਵਾਸ ਕਾਮਪਲੈਕਸ ਜਾਂ ਬਰਾਦਰੀ ਦਾ ਨਾਮ*] ਬੇਨਤੀ ਕੀਤਾ ਲਿਹਾਜ਼ ਜਾਂ ਸੰਸ਼ੋਧਨ ਨਹੀਂ ਦੇ ਸਕਦੇ, ਤਾਂ ਅਸੀਂ ਉਸ ਸਮਝੌਤੇ 'ਤੇ ਪਹੁੰਚਣ ਦੀ ਕੋਸ਼ਿਸ਼ ਕਰਾਂਗੇ ਜੋ ਤੁਹਾਨੂੰ ਸਵੀਕਾਰ ਹੁੰਦਾ ਹੈ।

DCR Model Fair Housing Policy

ਇਸ ਨੀਤੀ ਦੇ ਤਹਿਤ ਕਿਸੇ ਲਿਹਾਜ਼ ਜਾਂ ਸੰਸ਼ੋਧਣ ਦੀ ਬੇਨਤੀ ਕਰਨ ਲਈ ਜਾਂ ਇਸ ਨੀਤੀ ਦੇ ਤਹਿਤ ਜਾਂ ਐਲਏਡੀ ਦੇ ਤਹਿਤ ਆਪਣੇ ਅਧਿਕਾਰਾਂ ਨੂੰ ਵਰਤਣ ਦੀ ਕੋਸ਼ਿਸ਼ ਕਰਨ ਲਈ ਤੁਹਾਡੇ ਤੋਂ ਬਦਲਾ ਨਹੀਂ ਲਿਆ ਜਾ ਸਕਦਾ ਅਤੇ ਨਹੀਂ ਲਿੱਤਾ ਜਾਵੇਗਾ।

ਕੋਈ ਵਿਅਕਤੀ ਜਿਸਦਾ ਮੰਨ੍ਹਣਾ ਹੈ ਕਿ ਕਿਸੇ ਲਿਹਾਜ਼ ਜਾਂ ਸੰਸ਼ੋਧਣ ਲਈ ਬੇਨਤੀ ਲਈ ਗੈਰ-ਕਾਨੂੰਨੀ ਢੰਗ ਨਾਲ ਇਨਕਾਰ ਕੀਤਾ ਗਿਆ ਹੈ ਜਾਂ ਨਾਮੁਨਾਸਬ ਢੰਗ ਨਾਲ ਲੰਬਤ ਕੀਤੀ ਗਈ ਹੈ, ਤਾਂ ਉਹ ਨਿਊ ਜਰਸੀ ਦੇ ਨਾਗਰਿਕ ਅਧਿਕਾਰਾਂ ਦੇ ਵਿਭਾਗ ਨਾਲ www.NJCivilRights.gov ਜਾਂ 1-866-405-3050 'ਤੇ ਸੰਪਰਕ ਕਰ ਸਕਦਾ ਹੈ। ਘਰ ਪ੍ਰਦਾਨ ਕਰਨ ਵਾਲੇ ਵਿਅਕਤੀ ਦੁਆਰਾ ਲਿਹਾਜ਼ ਬੇਨਤੀ ਲਈ ਇਨਕਾਰ ਕਰਨ ਦੇ 180 ਦਿਨਾਂ ਦੇ ਅੰਦਰ ਨਿਊ ਜਰਸੀ ਦੇ ਨਾਗਰਿਕ ਅਧਿਕਾਰਾਂ ਦੇ ਵਿਭਾਗ ਦੇ ਨਾਲ ਇੱਕ ਸ਼ਿਕਾਇਤ ਲਾਜ਼ਮੀ ਤੌਰ 'ਤੇ ਦਾਇਰ ਕੀਤੀ ਜਾਣੀ ਚਾਹੀਦੀ ਹੈ।

DCR Model Fair Housing Policy